# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)

ਫੋਨ ਨੰ: 0172-5212307,2210019

E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. ਐਮ.ਡੀ.ਐਮ.ਐਸ./ਜੀ.ਐਮ./2023/ 339068
ਮਿਤੀ 27/12/2023

**ਵਿਸ਼ਾ:-** **ਪੀ.ਐਮ. ਪੋਸ਼ਣ (ਮਿਡ ਡੇ ਮੀਲ) ਸਕੀਮ ਅਧੀਨ ਮੀਨੂੰ ਵਿੱਚ ਫੇਰ-ਬਦਲ ਅਤੇ ਵਿਦਿਆਰਥੀਆਂ ਨੂੰ ਕੇਲਾ ਦੇਣ ਸਬੰਧੀ।**

ਭਾਰਤ ਸਰਕਾਰ ਦੀਆਂ ਗਾਈਡਲਾਈਨਜ਼ ਅਨੁਸਾਰ ਮਿਡ ਡੇ ਮੀਲ ਸਕੀਮ ਅਧੀਨ 10 ਜ਼ਿਲ੍ਹਿਆਂ ਵਿੱਚ ਪੰਜਾਬ ਯੂਨੀਵਰਸਿਟੀ ਰਾਹੀਂ ਸ਼ੋਸ਼ਲ ਆਡਿਟ ਕਰਵਾਇਆ ਗਿਆ ਅਤੇ ਆਡਿਟ ਸਬੰਧੀ Public Hearing ਦੌਰਾਨ ਸਕੂਲੀਂ ਅਧਿਆਪਕਾਂ, ਵਿਦਿਆਰਥੀਆਂ ਦੇ ਮਾਪਿਆਂ ਅਤੇ ਵਿਦਿਆਰਥੀਆਂ ਵੱਲੋਂ ਮਿਡ ਡੇ ਮੀਲ ਵਿੱਚ ਮੀਨੂੰ ਦੇ ਨਾਲ-ਨਾਲ ਕੋਈ ਫਲ ਦੇਣ ਹਿੱਤ ਸੁਝਾਓ ਪ੍ਰਾਪਤ ਹੋਏ ਹਨ।

2.0 ਉਕਤ ਪ੍ਰਾਪਤ ਸੁਝਾਓ ਦੇ ਮੱਦੇ ਨਜ਼ਰ ਰੱਖਦੇ ਹੋਏ ਸਰਕਾਰ ਵੱਲੋਂ ਵਿੱਤੀ ਸਾਲ 2023-24 ਲਈ ਚੌਥੀ ਤਿਮਾਹੀ (ਸਮਾਂ ਜਨਵਰੀ ਤੋਂ ਮਾਰਚ 2024 ਤੱਕ) ਹਫਤੇ ਵਿੱਚ ਇੱਕ ਦਿਨ (ਸੋਮਵਾਰ ਵਾਲੇ ਦਿਨ) ਹਰੇਕ ਵਿਦਿਆਰਥੀ ਨੂੰ ਦੁਪਹਿਰ ਦੇ ਖਾਣੇ ਦੇ ਨਾਲ-ਨਾਲ ਕੇਲਾ ਦੇਣ ਦਾ ਫੈਸਲਾ ਲਿਆ ਗਿਆ ਹੈ, ਪ੍ਰਤੀ ਵਿਦਿਆਰਥੀ 5/- ਰੁਪਏ ਪ੍ਰਤੀ ਕੇਲਾ ਦੇ ਹਿਸਾਬ ਨਾਲ ਫੰਡ ਆਪ ਨੂੰ ਵੱਖਰੇ ਤੌਰ ਤੇ ਮੁਹੱਈਆ ਕਰਵਾ ਦਿੱਤੇ ਜਾਣਗੇ। ਇਸਦੀ ਰਿਕੰਸ਼ੀਲੇਸ਼ਨ ਈ-ਪੰਜਾਬ ਦੀ ਐਪ ਦੀ ਹਾਜਰੀ ਨਾਲ ਭਰੇ ਡਾਟੇ ਨਾਲ ਕੀਤੀ ਜਾਵੇਗੀ।

3.0 ਇਸ ਤੋਂ ਇਲਾਵਾ ਮਿਡ ਡੇ ਮੀਲ ਮੀਨੂੰ ਵਿੱਚ ਵੀ ਫੇਰ-ਬਦਲ ਕੀਤਾ ਗਿਆ ਹੈ (ਕਾਪੀ ਨੱਥੀ), ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੋਧੇ ਹੋਏ ਮੀਨੂੰ ਅਨੁਸਾਰ ਸਕੂਲਾਂ ਵਿੱਚ ਮਿਡ ਡੇ ਮੀਲ ਬਣਾਉਣਾ ਯਕੀਨੀ ਬਣਾਇਆ ਜਾਵੇ।

ਨੋਟ:- ਉਕਤ ਹਦਾਇਤਾਂ ਮਿਤੀ 01/01/2024 ਤੋਂ ਸ਼ੁਰੂ ਹੋਣਗੀਆਂ ਅਤੇ ਮਿਤੀ 31/03/2024 ਤੱਕ ਲਾਗੂ ਰਹਿਣਗੀਆਂ।

**ਜਨਰਲ ਮੈਨੇਜਰ**

**ਪਿੱ.ਅੰ.ਨੰ.ਐਮ.ਡੀ.ਐਮ.ਐਸ./ਜੀ.ਐਮ./2023/** 339069 **ਮਿਤੀ** 27**/12/2023**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਕੱਤਰ ਟੂ ਮਾਣਯੋਗ ਸਿੱਖਿਆ ਮੰਤਰੀ, ਪੰਜਾਬ,
2) ਨਿੱਜੀ ਸਕੱਤਰ ਟੂ ਮਾਣਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ,
3) ਪੀ.ਏ. ਟੂ ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ,
4) ਪੀ.ਏ. ਟੂ ਮਾਣਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
5) ਪੀ.ਏ. ਟੂ ਮਾਣਯੋਗ ਡਾਇਰੈਕਟਰ, ਐਸ.ਸੀ.ਈ.ਆਰ.ਟੀ.
6) ਪੀ.ਏ. ਟੂ ਮਾਣਯੋਗ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)

**ਜਨਰਲ ਮੈਨੇਜਰ**

## Weekly Menu is as under:-

| | |
|---|---|
| **Monday** | **Dal (Seasonal vegetables) and Chapatti and Banana** |
| **Tuesday** | **Rajmah and Rice** |
| **Wednesday** | **Black Channe/white channe (mixed with potato) and Puri** |
| **Thursday** | **Kahri (mixed with Potato and Onion Pakoras) and Rice** |
| **Friday** | **Seasonal Vegetable and Chapatti** |
| **Saturday** | **Dal (Mixed with Ghia or Kadu) and Rice** |

Note:- In addition to the regular menu "Kheer" as sweet dish is provided on any day of a week to all the students

## ਮਿਡ ਡੇ ਮੀਲ ਦਾ ਮੀਨੂੰ

| ਲੜੀ ਨੰ. | ਦਿਨ | ਮੀਨੂੰ |
|---|---|---|
| 1 | ਸੋਮਵਾਰ | ਦਾਲ (ਮੌਸਮੀ ਸਬਜ਼ੀਆਂ ਮਿਲਾ ਕੇ) ਅਤੇ ਰੋਟੀ ਅਤੇ ਕੇਲਾ |
| 2 | ਮੰਗਲਵਾਰ | ਰਾਜਮਾਹ ਅਤੇ ਚਾਵਲ |
| 3 | ਬੁੱਧਵਾਰ | ਕਾਲੇ ਚਨੇ/ਚਿੱਟੇ ਚਨੇ (ਆਲੂ ਮਿਲਾ ਕੇ) ਅਤੇ ਪੂਰੀ |
| 4 | ਵੀਰਵਾਰ | ਕੜੀ (ਆਲੂ ਅਤੇ ਪਿਆਜ ਦੇ ਪਕੌੜਿਆਂ ਸਮੇਤ) ਅਤੇ ਚਾਵਲ |
| 5 | ਸ਼ੁੱਕਰਵਾਰ | ਮੌਸਮੀ ਸਬਜ਼ੀ ਅਤੇ ਰੋਟੀ |
| 6 | ਸ਼ਨੀਵਾਰ | ਦਾਲ (ਮੌਸ਼ਮੀ ਸਬਜ਼ੀਆਂ ਮਿਲਾ ਕੇ) ਅਤੇ ਚਾਵਲ |

ਸਕੂਲਾਂ ਵਿੱਚ ਹਫ਼ਤੇ ਦੌਰਾਨ ਕਿਸੇ ਵੀ ਦਿਨ ਮਿਡ ਡੇ ਮੀਲ ਦੇ ਖਾਣੇ ਨਾਲ ਸਵੀਟਡਿਸ਼ ਦੇ ਤੌਰ ਤੇ ਖੀਰ ਦਿੱਤੀ ਜਾਂਦੀ ਹੈ।